# ਪਟਵਾਰੀਆਂ ਦੀ ਭਰਤੀ ਸਬੰਧੀ : ਸਿਫਾਰਿਸ਼ੀ ਪੱਤਰ ਵੰਡ ਸਮਾਗਮ ਨੋਟਿਸ

ਨੰ: ਲ-2/1090/ 10956 ਮਿਤੀ 2.7.22

ਮਾਲ ਪਟਵਾਰੀਆਂ ਦੀਆਂ ਆਸਾਮੀਆਂ ਦੀ ਕਾਊਸਲਿੰਗ ਦੌਰਾਨ 855 ਉਮੀਦਵਾਰਾਂ ਨੂੰ ਜ਼ਿਲੇ ਦੀ ਵੰਡ/ਅਲਾਟਮੈਂਟ ਕੀਤੀ ਗਈ ਹੈ। ਇਹ ਸਿਫਾਰਿਸ਼ੀ ਪੱਤਰ ਉਮੀਦਵਾਰਾਂ ਨੂੰ ਜਾਰੀ ਕਰਨ ਸਬੰਧੀ ਪੰਜਾਬ ਸਰਕਾਰ ਵਲੋਂ ਮਿਤੀ 06-07-2022 ਨੂੰ ਜ਼ਿਲਾ ਅਲਾਟਮੈਂਟ ਪੱਤਰ ਵੰਡ ਸਮਾਰੋਹ ਪੰਜਾਬ ਮਿਊਸੀਪਲ ਭਵਨ, ਆਡੀਟੋਰੀਅਮ, ਸੈਕਟਰ-35 ਏ, (ਕਿਸਾਨ ਭਵਨ ਦੇ ਨਾਲ) ਚੰਡੀਗੜ੍ਹ ਵਿਖੇ ਰੱਖਿਆ ਗਿਆ ਹੈ। ਇਸ ਸਮਾਗਮ ਵਿਚ ਮਾਣਯੋਗ ਮੁੱਖ ਮੰਤਰੀ ਜੀ ਸ਼ਾਮਿਲ ਹੋਣਗੇ ਅਤੇ ਨਵ-ਨਿਯੁਕਤ ਪਟਵਾਰੀਆਂ ਨੂੰ ਸੰਬੋਧਨ ਵੀ ਕਰਨਗੇ।

2. ਕਾਊਸਲਿੰਗ ਦੌਰਾਨ ਜਿਨ੍ਹਾਂ ਉਮੀਦਵਾਰਾਂ ਨੂੰ ਹੇਠ ਲਿਖੇ ਜ਼ਿਲੇ ਅਲਾਟ ਕੀਤੇ ਗਏ ਹਨ, ਉਹ ਮਿਤੀ 06-07-2022 ਨੂੰ 10:00 ਵਜੇ, ਚੰਡੀਗੜ੍ਹ ਵਿਖੇ ਇਸ ਸਮਾਗਮ ਵਿਚ ਸ਼ਾਮਿਲ ਹੋਣ। ਇਨ੍ਹਾਂ ਉਮੀਦਵਾਰਾਂ ਨੂੰ ਮਾਣਯੋਗ ਮੁੱਖ ਮੰਤਰੀ ਜੀ ਵਲੋਂ ਇਹ ਸਿਫਾਰਿਸ਼ੀ ਪੱਤਰ ਵੰਡੇ ਜਾਣੇ ਹਨ।

| ਲੜੀ ਨੰਬਰ | ਅਲਾਟ ਕੀਤੇ ਗਏ ਜ਼ਿਲੇ ਦਾ ਨਾਮ |
|---|---|
| 1 | ਸੰਗਰੂਰ |
| 2 | ਮੋਹਾਲੀ |
| 3 | ਰੂਪਨਗਰ |
| 4 | ਫਤਿਹਗੜ੍ਹ ਸਾਹਿਬ |
| 5 | ਪਟਿਆਲਾ |
| 6 | ਮਾਨਸਾ |
| 7 | ਐਸ.ਬੀ.ਐਸ.ਨਗਰ |
| 8 | ਲੁਧਿਆਣਾ |

3. ਉਕਤ ਜਿਲ੍ਹਿਆਂ ਤੋਂ ਇਲਾਵਾ ਕਾਊਸਲਿੰਗ ਦੌਰਾਨ ਬਾਕੀ ਜਿਲ੍ਹਿਆਂ ਵਿਚ ਚੁਣੇ ਗਏ ਉਮੀਦਵਾਰ ਸਬੰਧਤ ਜ਼ਿਲੇ ਦੇ ਕੁਲੈਕਟਰ-ਡਿਪਟੀ ਕਮਿਸ਼ਨਰ ਦਫਤਰ ਵਿਖੇ ਮਿਤੀ 11-07-2022 ਨੂੰ ਰਿਪੋਰਟ ਕਰਨ ਅਤੇ ਆਪਣੇ ਸਿਫਾਰਿਸ਼ੀ ਪੱਤਰ ਪ੍ਰਾਪਤ ਕਰਨ ।

4. ਕਿਸੇ ਵੀ ਤਰ੍ਹਾਂ ਦੀ ਹੋਰ ਜਾਣਕਾਰੀ ਲਈ ਮੋਬਾਇਲ ਨੰਬਰ 98554-24683, 81463-88455 ਅਤੇ 70095-39579 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਨੋਟ:- 1) ਉਕਤ 8 ਜਿਲ੍ਹਿਆਂ ਦੇ ਸਬੰਧਤ ਉਮੀਦਵਾਰ ਸਮਾਗਮ ਸਬੰਧੀ ਵਿਸਥਾਰਪੂਰਵਕ ਹਦਾਇਤਾਂ ਵਿਭਾਗ ਦੀ ਵੈਬ-ਸਾਈਟ www.plrs.org.in ਅਤੇ www.revenue.punjab.gov.in ਤੇ ਵਾਚ ਲੈਣ।

KDN

ਡਾਇਰੈਕਟਰ ਭੌਂ ਰਿਕਾਰਡ, ਪੰਜਾਬ।

ਨਵੇਂ ਚੁਣੇ ਗਏ 1090 ਪਟਵਾਰੀ ਉਮੀਦਵਾਰਾਂ ਨੂੰ ਜ਼ਿਲਾ ਅਲਾਟਮੈਂਟ ਪੱਤਰ ਵੰਡ ਸਮਾਰੋਹ ਸਬੰਧੀ ਹਦਾਇਤਾਂ।

1. ਇਸ਼ਤਿਹਾਰ ਵਿਚ ਦਿੱਤੇ ਗਏ ਅੱਠ ਜਿਲੇ (ਸੰਗਰੂਰ, ਮੋਹਾਲੀ, ਰੂਪਨਗਰ, ਫਤਿਹਗੜ੍ਹ ਸਾਹਿਬ, ਪਟਿਆਲਾ, ਮਾਨਸਾ, ਨਵਾਂਸ਼ਹਿਰ ਅਤੇ ਲੁਧਿਆਣਾ ) ਦੇ ਸਬੰਧਤ ਉਮੀਦਵਾਰ ਨੂੰ ਹੀ ਇਸ ਸਮਾਰੋਹ ਵਿਚ ਸ਼ਾਮਿਲ ਹੋਣ ਦੀ ਆਗਿਆ ਹੋਵੇਗੀ।

2. ਪੰਜਾਬ ਮਿਊਸੀਪਲ ਭਵਨ, ਆਡੀਟੋਰੀਅਮ, ਸੈਕਟਰ-35 ਏ, (ਕਿਸਾਨ ਭਵਨ ਦੇ ਨਾਲ) ਚੰਡੀਗੜ੍ਹ ਵਿਖੇ ਮਿਤੀ 06-7-2022 ਨੂੰ, ਦਿਨ ਬੁੱਧਵਾਰ, ਸਮਾਂ 10:00 ਵਜੇ ਸਵੇਰ ਉਮੀਦਵਾਰ ਹਰ ਹਾਲਤ ਵਿਚ ਪੁੱਜਣਾ ਯਕੀਨੀ ਬਣਾਉਣ।

3. ਰਾਜ ਦੇ ਮੌਜੂਦਾ ਹਾਲਾਤ ਅਤੇ ਮਾਣਯੋਗ ਮੁੱਖ ਮੰਤਰੀ ਜੀ ਦੇ ਸੁਰੱਖਿਆ ਪ੍ਰਬੰਧਾਂ ਨੂੰ ਧਿਆਨ ਵਿਚ ਰੱਖਦੇ ਹੋਏ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੀ ਗੱਡੀ ਦੀ ਪਾਰਕਿੰਗ ਸਮਾਰੋਹ ਵਾਲੇ ਸਥਾਨ ਤੋਂ ਕੁਝ ਦੂਰੀ ਦੇ ਫਾਸਲੇ ਤੇ ਲਗਾ ਕੇ ਆਉਣ। ਇਸਦੇ ਨਾਲ ਹੀ ਉਮੀਦਵਾਰਾਂ ਨੂੰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਆਪਣੀ ਗੱਡੀਆਂ ਦੀ ਪਾਰਕਿੰਗ ਲਈ ਖੁਦ ਜਿੰਮੇਵਾਰ ਹੋਣਗੇ। ਭਵਨ ਦੇ ਅੰਦਰ ਕੋਈ ਪ੍ਰਾਈਵੇਟ ਗੱਡੀ ਨਹੀਂ ਜਾ ਸਕੇਗੀ ਨਾ ਹੀ ਸਾਹਮਣੇ ਸੜਕ ਤੇ ਖੜੀ ਕੀਤੀ ਜਾ ਸਕੇਗੀ।

4. ਸਬੰਧਤ ਉਮੀਦਵਾਰ ਆਪਣੇ ਨਾਲ ਫੋਟੋ ਵਾਲਾ ਅਸਲ ਪਹਿਚਾਣ ਪੱਤਰ ਜਿਵੇਂ ਕਿ ਆਧਾਰ ਕਾਰਡ, ਪੈਨ ਕਾਰਡ, ਲਾਇਸੰਸ ਆਦਿ) ਨਾਲ ਲੈ ਕੇ ਆਉਣ। ਪਹਿਚਾਣ ਪੱਤਰ ਤੋਂ ਬਿਨ੍ਹਾਂ ਹਾਲ ਅੰਦਰ ਦਾਖਲਾ ਨਹੀਂ ਹੋਵੇਗਾ।

5. ਮਿਊਸੀਪਲ ਭਵਨ ਅੰਦਰ ਸਿਰਫ ਉਮੀਦਵਾਰ ਹੀ ਦਾਖਲ ਹੋ ਸਕਦਾ ਹੈ, ਨਾਲ ਆਏ ਸਾਥੀ ਜਾਂ ਗਾਰਡੀਅਨ/ਰਿਸ਼ਤੇਦਾਰ ਬਾਹਰ ਹੀ ਰੁਕਣਗੇ।

6. ਇਸ ਸਮਾਰੋਹ ਵਿਚ ਸ਼ਾਮਿਲ ਹੋਣ ਲਈ ਉਮੀਦਵਾਰ ਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਟੀ.ਏ/ਡੀ.ਏ. ਨਹੀਂ ਦਿੱਤਾ ਜਾਵੇਗਾ।

7. ਕਿਸੇ ਵੀ ਤਰ੍ਹਾਂ ਦੀ ਹੋਰ ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰ 98554-24683, 81463-88455 ਅਤੇ 70095-39579 ਤੇ ਸੰਪਰਕ ਕੀਤਾ ਜਾ ਸਕਦਾ ਹੈ।